ਵੱਲ

1 ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ
2 ਡਾਇਰੈਕਟਰ ਸਿਹਤ ਸੇਵਾਵਾਂ (ਸ.ਬ), ਪੰਜਾਬ, ਚੰਡੀਗੜ੍ਹ
3 ਡਾਇਰੈਕਟਰ ਸਿਹਤ ਸੇਵਾਵਾਂ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ
4 ਪ੍ਰਿੰਸੀਪਲ ਮੈਡੀਕਲ ਕਾਲਜ, ਪਟਿਆਲਾ/ਅੰਮ੍ਰਿਤਸਰ/ਜਲੰਧਰ
5 ਸਮੂਹ ਸਿਵਲ ਸਰਜਨ, ਪੰਜਾਬ ਰਾਜ
6 ਮੈਡੀਕਲ ਸੁਪਰਡੰਟ, ਸਿਵਲ ਹਸਪਤਾਲ, ਜਲੰਧਰ/ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ/ਈ.ਐਸ.ਆਈ ਹਸਪਤਾਲ, ਲੁਧਿਆਣਾ/ਅੰਮ੍ਰਿਤਸਰ/ਜਲੰਧਰ
7 ਪ੍ਰਿੰਸੀਪਲ,ਮੈਡੀਕਲ ਅਫਸਰ,ਬੀ.ਬੀ.ਐਮ.ਬੀ ਹਸਪਤਾਲ,ਨੰਗਲ/ਤਲਵਾੜਾ ਅਤੇ ਸੁੰਦਰਨਗਰ।

ਮੀਮੋ ਨੰ:ਈ-2(2)-ਪੰ:15/7042-7082
ਮਿਤੀ. ਚੰਡੀਗੜ; 24.11.2015

ਵਿਸਾ :- ਸਾਲ 1991 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋ ਅਤੇ ਸਾਲ 1991 ਅਤੇ 1992 ਦੋਰਾਨ ਸ਼ਾਰਟ ਟਰਮ (ਐਡਹਾਕ) ਦੇ ਅਧਾਰ ਤੇ ਕੰਮ ਕਰਦੇ ਮੈਡੀਕਲ ਅਫਸਰਾਂ ਜਿਨ੍ਹਾਂ ਦੀਆਂ ਸੇਵਾਵਾ ਸਰਕਾਰ ਵੱਲੋਂ ਰੈਗੂਲਰ ਕੀਤੀਆਂ ਗਈਆਂ ਹਨ, ਦੀ ਅੰਤਿਮ ਸੀਨੀਆਰਤਾ ਸੂਚੀ ਜਾਰੀ ਕਰਨ ਬਾਰੇ।

---

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਦੇ ਨੰ:ਈ-2(2)-ਪੰ:15/6755-97 ਮਿਤੀ 06.11.2015 ਰਾਂਹੀ ਮੈਡੀਕਲ ਅਫਸਰਾਂ ਦੀ ਪ੍ਰੋਵੀਜਨਲ ਸੀਨੀਆਰਤਾ ਸੂਚੀ ਨੰ 5654 ਤੋ 5856 ਤੱਕ ਸੇਵਾ ਨੰਬਰ ਅਲਾਟ ਕਰਦੇ ਹੋਏ ਜਾਰੀ ਕੀਤੀ ਗਈ ਸੀ। ਹਵਾਲੇ ਅਧੀਨ ਪੱਤਰ ਰਾਹੀਂ ਸਮੂਹ ਸਿਵਲ ਸਰਜਨ/ਮੈਡੀਕਲ ਸੁਪਰਡੰਟ/ਡਾਇਰੈਕਟਰ, ਖੋਜ਼ ਅਤੇ ਮੈਡੀਕਲ ਸਿੱਖਿਆ, ਪੰਜਾਬ/ ਡਾਇਰੈਕਟਰ, ਸਿਹਤ ਸੇਵਾਵਾਂ (ਸ.ਬ), ਪੰਜਾਬ ਅਤੇ ਡਾਇਰੈਕਟਰ, ਸਿਹਤ ਸੇਵਾਵਾਂ (ਚੰਡੀਗੜ੍ਹ ਪ੍ਰਸਾਸਨ) ਤੋਂ ਉਨ੍ਹਾ ਦੇ ਅਧੀਨ ਕੰਮ ਕਰਦੇ ਮੈਡੀਕਲ ਅਫਸਰਾਂ ਨੂੰ ਇਹ ਸੀਨੀਆਰਤਾ ਨੋਟ ਕਰਵਾਕੇ ਇਤਰਾਜ ਮੰਗੇ ਗਏ ਸਨ। ਇਸ ਸਬੰਧ ਵਿੱਚ ਜਿਹੜੇ ਮੈਡੀਕਲ ਅਫਸਰਾਂ ਤੋ ਇਤਰਾਜ ਪ੍ਰਾਪਤ ਹੋਏ ਸਨ, ਉਨ੍ਹਾਂ ਨੂੰ ਨਿਯਮਾਂ ਅਨੁਸਾਰ ਵਿਚਾਰਿਆ ਗਿਆ ਅਤੇ ਜਿਥੈ ਕਿਤੇ ਸੋਧ ਕਰਨੀ ਬਣਦੀ ਸੀ, ਸੋਧ ਕਰ ਦਿੱਤੀ ਗਈ ਹੈ ਅਤੇ ਜਿਹੜੇ ਡਾਕਟਰਾਂ ਦਾ ਕਲੇਮ ਨਿਯਮਾਂ ਅਧੀਨ ਕਵਰ ਨਹੀ ਸੀ ਹੁੰਦਾਂ, ਉਹ ਰੱਦ ਕਰ ਦਿੱਤਾ ਗਿਆ ਹੈ।

ਇਸ ਸੀਨੀਅਰਤਾ ਸੂਚੀ ਨੂੰ ਫਾਈਨਲ ਕਰਨ ਦੀ ਪ੍ਰਵਾਨਗੀ ਮਾਨਯੋਗ ਪ੍ਰਮੁੱਖ ਸਕੱਤਰ,ਸਿਹਤ ਜੀ ਤੋ ਸਿੰਗਲ ਫਾਈਲ ਸਿਸਟਮ ਰਾਹੀਂ ਪ੍ਰਾਪਤ ਕੀਤੀ ਅਤੇ ਉਨ੍ਹਾ ਦੇ ਆਦੇਸ਼ ਮਿਤੀ 24.11.2015 ਰਾਹੀਂ ਇਸ ਸੀਨੀਅਰਤਾ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।ਇਹ ਸੀਨੀਅਰਤਾ ਸੂਚੀ ਸੇਵਾ ਨੰ:5654 ਤੋ 5856 ਤੱਕ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਫਾਈਨਲ ਕੀਤੀ ਜਾਂਦੀ ਹੈ:-

" ਜੇਕਰ ਸੀਨੀਅਰਤਾ ਬਾਰੇ ਕੋਈ ਨਵਾ ਤੱਥ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਜਾਂ ਕਿਸੇ ਡਾਕਟਰ ਵੱਲੋਂ ਲਿਆਇਆ ਜਾਂਦਾ ਹੈ ਤਾਂ ਇਹ ਸੀਨੀਅਰਤਾ ਸੂਚੀ ਮੁੜ ਵਿਚਾਰਨਯੋਗ ਹੋਵੇਗੀ"

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ

ਪਿੱਠ ਅੰਕਣ ਨੰ:ਈ-2(2)ਪੰ:15/7083-84 ਮਿਤੀ. ਚੰਡੀਗੜ;24.11.2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ-1 ਸ਼ਾਖਾ), ਚੰਡੀਗੜ੍ਹ।
2 ਡਿਪਟੀ ਡਾਇਰੈਕਟਰ, ਕੰਪਿਊਟਰ ਸੈਲ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਸੀਨੀਆਰ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤੀ ਜਾਵੇ।

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾ